# ਤੈ ਨਰ ਕਿਆ ਪੁਰਾਨੁ ਸੁਨਿ ਕੀਨਾ

**ਸਾਰੰਗ ॥**

**ੴ ਸਤਿ ਗੁਰ ਪ੍ਰਸਾਦਿ ॥**

ਇਹ ਸ਼ਬਦ ਭਗਤ ਪਰਮਾਨੰਦ ਜੀ ਦਾ ਉਚਾਰਣ ਕੀਤਾ ਹੋਇਆ ਹੈ ਅਤੇ ਸਾਰੰਗ ਰਾਗ ਵਿਚ ਪੰਨਾ ੧੨੫੩ ਤੇ ਸੁਭਾਇਮਾਨ ਹੈ। ਰਾਗ ਦੇ ਨਾਂ ਤੋਂ ਉਪਰੰਤ ਮੰਗਲਾਚਰਣ ਵਜੋਂ ਮੂਲਮੰਤਰ ਦਾ ਸੰਖਿਪਤ ਸਰੂਪ ਅੰਕਤ ਹੈ। ਭਗਤ ਪਰਮਾਨੰਦ ਜੀ ਦਾ ਇਹ, ਇਕੋ ਇਕ ਸ਼ਬਦ, ਗੁਰੂ ਗ੍ਰੰਥ ਸਾਹਿਬ ਵਿਚ ਅੰਕਤ ਹੈ।

**ਤੈ ਨਰ ਕਿਆ ਪੁਰਾਨੁ ਸੁਨਿ ਕੀਨਾ ॥**
**ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ ॥੧॥ ਰਹਾਉ ॥**

– – ਹੇ ਮਨੁਖ ! ਤੂੰ ਪੁਰਾਣ ਆਦਿ ਧਰਮ ਗ੍ਰੰਥਾਂ ਨੂੰ ਸੁਣ ਕੇ ਕੀ ਕਮਾਈ ਕਰ ਲਈ, ਜੇ ਤੂੰ, 'ਅਨਪਾਵਨੀ', ਭਾਵ, ਕਦੇ ਨਾ ਨਾਸ ਹੋਣ ਵਾਲੀ ਭਗਤੀ ਨਹੀਂ ਕੀਤੀ, ਸਿਮਰਨ ਨਹੀਂ ਕੀਤਾ ਅਤੇ ਉਸ ਦੇ ਨਾਲ ਕਦੇ ਭੁਖਿਆਂ ਨੂੰ, ਲੋੜਵੰਦਾਂ ਨੂੰ ਦਾਨ ਨਹੀਂ ਦਿਤਾ।੧।ਰਹਾਉ।

ਇਸ ਪਥਾਇੰ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਉਪਦੇਸ਼ ਕਰ ਰਹੇ ਹਨ ਕਿ 'ਹੇ ਮਨੁਖ ! ਜਿਹੜੇ ਧਰਮ ਗ੍ਰੰਥ ਪੜ੍ਹਦਾ ਹੈਂ, ਉਹ ਸਾਰੇ, ਜਿਸ ਪ੍ਰਭੂ ਦੇ ਗੁਣ ਗਾ ਰਹੇ ਹਨ, ਉਸ ਪ੍ਰਭੂ ਦਾ ਨਾਮ ਸਿਮਰ ਕੇ, ਉਸ ਨੂੰ ਆਪਣੇ ਹਿਰਦੇ ਵਿਚ ਧਾਰਣ ਕਰ ਲੈ, ਵਸਾ ਲੈ। ਇਸ ਜਗਤ ਵਿਚ ਸਭ ਤੋਂ ਪਵਿਤਰ ਪ੍ਰਭੂ ਦਾ ਨਾਮ ਹੀ ਹੈ, ਜਿਸ ਨੂੰ ਸਿਮਰ ਸਿਮਰ ਕੇ ਹੀ ਸਾਰੇ ਕੀਤੇ ਹੋਏ ਪਾਪ ਹਰਣ ਹੋ ਜਾਂਦੇ ਹਨ' – 'ਬੇਦ ਪੁਰਾਨ ਜਾਸ ਗੁਨ ਗਾਵਤ ਤਾ ਕੋ ਨਾਮੁ ਹੀਐ ਮੋ ਧਰੁ ਰੇ॥ ਪਾਵਨ ਨਾਮੁ ਜਗਤਿ ਮੈ ਹਰਿ ਕੋ ਸਿਮਰਿ ਸਿਮਰਿ ਕਸਮਲ ਸਭ ਹਰੁ ਰੇ॥', ਪੰਨਾ ੨੨੦. ਹੋਰ ਸਮਝਾ ਰਹੇ ਹਨ ਕਿ '**ਹੇ ਅਣਜਾਣ ਮਨੁਖ ! ਤੂੰ ਰੋਜ਼ ਧਰਮ ਗ੍ਰੰਥਾਂ ਨੂੰ ਸੁਣ ਪੜ ਕੇ ਅਜੇ ਵੀ ਨਹੀਂ ਸਮਝਿਆ। ਕਾਲ ਸਿਰ ਤੇ ਆ ਗਿਆ ਹੈ, ਉਸ ਤੋਂ ਭਜ ਕੇ ਕਿਥੇ ਜਾਏਂਗਾ। ਹੇ ਮੂਰਖ ! ਹੇ ਨਿਰਲੱਜ ! ਤੂੰ, ਫ਼ਿਰ ਵੀ, ਹਰੀ ਪ੍ਰਭੂ ਦਾ ਨਾਮ ਕਿਉਂ ਨਹੀਂ ਜਪ ਰਿਹਾ**' – '**ਨਿਸਿ ਦਿਨੁ ਸੁਨਿ ਕੈ ਪੁਰਾਨ ਸਮਝਤ ਨਹ ਰੇ ਅਜਾਨ॥ ਕਾਲੁ ਤਉ ਪਹੂਚਿਓ ਆਨਿ ਕਹਾ ਜੈਹੈ ਭਾਜਿ ਰੇ॥..ਕਿਉ ਨ ਹਰਿ ਕੋ ਨਾਮੁ ਲੇਹਿ ਮੂਰਖ ਨਿਲਾਜ ਰੇ॥**', ਪੰਨਾ ੧੩੫੨. ਭਗਤ ਕਬੀਰ ਜੀ ਖ਼ਬਰਦਾਰ ਕਰਦੇ ਹਨ ਕਿ ਧਰਮ ਗ੍ਰੰਥਾਂ ਨੂੰ ਪੜ੍ਹਨ ਦਾ ਕੀ ਫ਼ਾਇਦਾ, ਜੇ ਰਾਮ ਨਾਮ ਦੀ ਮਹਿਮਾ ਨਹੀਂ ਜਾਣੀ, ਨਹੀਂ ਜਪਿਆ ਤਾਂ ਭਵਸਾਗਰ ਤੋਂ ਪਾਰ ਨਹੀਂ ਹੋ ਸਕਦਾ। ਨਾਮ ਜਪੇ ਬਿਨਾਂ, ਧਰਮ ਗ੍ਰੰਥਾਂ ਦੇ ਪਾਠ ਨੂੰ ਇਉਂ ਜਾਣੋ ਜਿਵੇਂ ਖੋਤੇ ਨੇ ਬਹੁਮੁਲੇ ਚੰਦਨ ਦਾ ਭਾਰ ਲਦਿਆ ਹੋਵੇ – 'ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ॥ ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ॥', ਪੰਨਾ ੧੧੦੨. ਭਗਤ ਨਾਮਦੇਵ ਜੀ ਨੇ ਹੋਰ ਕਟਾਖ ਭਰੇ ਲਹਿਜੇ ਵਿਚ ਨਿਰਨਾ ਹੀ ਕਰ ਦਿਤਾ ਕਿ ਨਾਮ ਜਪ ਜਪ ਕੇ ਉਨ੍ਹਾਂ ਨੂੰ ਹੁਣ ਧਰਮ ਗ੍ਰੰਥਾਂ ਦੇ ਪਾਠ ਕਰਨ, ਗਾਉਣ ਦੀ ਲੋੜ ਨਹੀਂ ਰਹੀ ਅਤੇ ਹੁਣ ਉਹ ਸਿਮਰਨ ਕਰ ਕਰ ਕੇ ਨਿਰੰਕਾਰ ਦੇ ਅਖੰਡ ਮੰਡਲ ਵਿਚ ਜੁੜ ਗਏ ਹਨ ਅਤੇ ਨਾਮ ਦੇ ਅਨਹਦ, ਲਗਾਤਾਰ, ਆਪੋ ਵਜਣ ਵਾਲੀ ਬੰਸਰੀ ਵਜਾ ਰਹੇ ਹਨ, ਪ੍ਰਭੂ ਦੇ ਗੁਣਾਂ ਵਿਚ, ਸਿਮਰਨ ਵਿਚ ਲੀਨ ਹੋ ਚੁਕੇ ਹਨ – 'ਬੇਦ ਪੁਰਾਨ ਸਾਸਤ੍ਰ ਆਨੰਤਾ ਗੀਤ ਕਬਿਤ ਨ ਗਾਵਉਗੋ॥ ਅਖੰਡ ਮੰਡਲ ਨਿਰੰਕਾਰ ਮਹਿ ਅਨਹਦ ਬੇਨੁ ਬਜਾਵਉਗੋ॥', ਪੰਨਾ ੯੭੨.

ਸ੍ਰੀ ਗੁਰੂ ਨਾਨਕ ਸਾਹਿਬ, ਸਚ ਦੀ ਜੀਵਨ ਜੁਗਤੀ ਸਿਖਾਉਣ ਲਗਿਆਂ ਉਪਦੇਸ਼ ਦਿੰਦੇ ਹਨ ਕਿ ਪਹਿਲੀ ਗਲ ਇਹ ਕਿ ਹਿਰਦੇ ਵਿਚ ਸਚੇ ਪ੍ਰਭੂ ਦਾ ਨਾਮ ਧਾਰਣ ਕੀਤਾ ਜਾਏ, ਸਿਮਰਿਆ ਜਾਏ। ਉਸ ਦੇ ਨਾਲ ਨਾਲ ਜੀਆਂ ਤੇ ਦਇਆ ਕਰ ਕੇ ਉਨ੍ਹਾਂ ਨੂੰ ਦਾਨ ਦੇਣਾ ਵੀ ਸਚ ਦੀ

ਜੀਵਨ ਜੁਗਤੀ ਦਾ ਹਿਸਾ ਹੈ - 'ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥..ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥', ਪੰਨਾ ੪੬੮. ਗੁਰੂ ਕਾ ਲੰਗਰ ਅਤੇ ਬਾਅਦ ਵਿਚ ਦਸਵੰਧ ਦਾ ਜ਼ਰੂਰੀ ਕਰਾਰ ਦਿਤੇ ਜਾਣਾ, ਇਸੇ ਅਸੂਲ ਦੇ ਤਹਿਤ ਆਉਂਦੇ ਹਨ। ਅਜ ਗੁਰੂ ਕਾ ਲੰਗਰ, ਸਾਰੀ ਦੁਨੀਆਂ ਵਿਚ ਜਾਣਿਆ ਜਾ ਰਿਹਾ ਹੈ। ਤੀਜੇ ਪਾਤਸ਼ਾਹ ਨੇ ਤਾਂ ਦਰਸ਼ਨ ਦੇਣ ਤੋਂ ਪਹਿਲਾਂ ਪੰਗਤ ਵਿਚ ਬੈਠ ਕੇ ਲੰਗਰ ਛਕਣਾ ਜ਼ਰੂਰੀ ਕਰਾਰ ਦਿੰਦਿਆਂ ਬਚਨ ਕੀਤੇ ਸਨ - '**ਪਹਿਲਾਂ ਪੰਗਤ ਪਾਛੈ ਸੰਗਤਿ॥**'

**ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ ॥**
**ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ ॥੧॥**

-- ਹੇ ਮੇਰੇ ਵਾਹਗੁਰੂ ! ਧਰਮ ਗ੍ਰੰਥਾਂ ਦੇ ਪਾਠ ਕਰਨ ਨਾਲ ਤਾਂ ਮੈਨੂੰ ਕਾਮ, ਕਰੋਧ, ਲੋਭ ਆਦਿ ਵਿਕਾਰ ਹੀ ਨਹੀਂ ਭੁਲੇ, ਭਾਵ ਮੈਂ ਤਾਂ ਇਨ੍ਹਾਂ ਵਿਚ ਹੀ ਫ਼ਸਿਆ ਪਿਆ ਹਾਂ।

-- ਨਾ ਹੀ ਮੇਰੇ ਮੂੰਹ ਨੇ ਨਿੰਦਾ ਕਰਨੀ ਛੱਡੀ ਹੈ, ਇਸ ਕਰ ਕੇ ਮੇਰੀ ਪਾਠ ਕਰਨ ਦੀ ਘਾਲਣਾ ਨੇ ਮੈਨੂੰ ਕੋਈ ਫ਼ਲ ਪ੍ਰਦਾਨ ਨਹੀਂ ਕੀਤਾ।੧।

ਪੰਚਮ ਪਾਤਸ਼ਾਹ ਦੇ ਬਚਨ ਹਨ ਕਿ ਧਰਮ ਗ੍ਰੰਥਾਂ ਦੇ ਪਾਠ ਅਤੇ ਨਿਊਲੀ ਕਰਮ ਵਰਗੇ ਹੋਰ ਧਾਰਮਕ ਕਰਮ ਕਰਨ ਦਾ ਕੋਈ ਲਾਭ ਨਹੀਂ ਕਿਉਂਕਿ ਇਨ੍ਹਾਂ ਨਾਲ ਤਾਂ ਮੇਰੇ ਅੰਦਰ, ਪੰਜ ਵਿਕਾਰਾਂ ਦਾ ਸਾਥ ਹੀ ਨਹੀਂ ਛੁਟਿਆ, ਸਗੋਂ ਹੰਕਾਰ ਹੋਰ ਵਧ ਗਿਆ ਹੈ, ਜਿਸ ਕਰ ਕੇ ਬੰਧਨਾਂ ਵਿਚ ਵਾਧਾ ਹੀ ਹੋਇਆ ਹੈ - 'ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥ ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ॥', ਪੰਨਾ ੬੪੧.

**ਬਾਟ ਪਾਰਿ ਘਰੁ ਮੂਸਿ ਬਿਰਾਨੋ ਪੇਟੁ ਭਰੈ ਅਪ੍ਰਾਧੀ ॥**
**ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ ॥੨॥**

-- ਪਾਪੀ ਮਨੁਖ ਦੂਜਿਆਂ ਨੂੰ ਲੁਟ ਲੁਟ ਕੇ, ਠਗੀ ਮਾਰ ਕੇ ਆਪਣਾ ਢਿਡ ਭਰਦਾ ਹੈ।

-- ਉਹੀ ਭੈੜੀ ਵਿਦਿਆ ਜਾਂ ਮੱਤ ਧਾਰਣ ਕਰਦਾ ਹੈ, ਜਿਸ ਦੇ ਨਤੀਜੇ ਵਜੋਂ ਪਰਲੋਕ ਵਿਚ ਜਾ ਕੇ ਅੱਪਜੱਸ ਮਿਲਦਾ ਹੈ।੨।

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਨੇ ਬਾਲਮੀਕ ਧਾੜਵੀ ਨੂੰ ਸਾਧੂ ਦੀ ਸੰਗਤਿ ਮਿਲਣ ਨਾਲ, ਉਧਾਰ ਹੋਣ ਬਾਰੇ ਦਸਿਆ ਹੈ - 'ਬਾਲਮੀਕੈ ਹੋਆ ਸਾਧ ਸੰਗੁ॥', ਪੰਨਾ ੧੧੯੨. ਭਾਈ ਗੁਰਦਾਸ ਜੀ ਨੇ ਬਾਲਮੀਕ, ਜੋ ਪਹਿਲਾਂ ਧਾੜਵੀ ਸੀ, ਦੀ ਕਥਾ ਇੰਵ ਲਿਖੀ ਹੈ ਕਿ ਉਹ ਰਾਹਗੀਰਾਂ ਨੂੰ ਲੁਟ ਕੇ ਆਪਣਾ ਤੇ ਘਰ ਦਿਆਂ ਦਾ ਪੇਟ ਭਰਦਾ ਸੀ। ਭਾਗਾਂ ਨਾਲ ਸਚਾ ਗੁਰੂ ਮਿਲ ਪਿਆ ਤਾਂ ਉਸ ਮਹਾਤਮਾ ਨੇ ਘਰ ਦਿਆਂ ਤੋਂ ਪੁਛ ਕੇ ਆਣ ਨੂੰ ਕਿਹਾ ਕਿ ਕੀ ਉਹ ਉਸ ਦੇ ਕੀਤੇ ਪਾਪ ਕਰਮਾਂ ਵਿਚ ਉਸ ਦੇ ਭਾਗੀਦਾਰ ਹੋਣਗੇ, ਤਾਂ, ਘਰ ਵਾਲੀ ਸਮੇਤ ਸਭ ਨੇ ਇਨਕਾਰ ਕਰ ਦਿਤਾ। ਮਹਾਤਮਾ ਦੀ ਗਲ ਸਮਝ ਆ ਗਈ ਤੇ ਭਗਤ ਬਣ ਗਿਆ। ਨਤੀਜਾ ਇਹ ਨਿਕਲਦਾ ਹੈ ਕਿ ਗੁਰੂ ਅਨੁਸਾਰੀ ਹੋ ਕੇ ਹੀ ਪਾਪਾਂ ਦਾ ਪਹਾੜ ਲੰਘਿਆ ਜਾ ਸਕਦਾ ਹੈ - 'ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਬਟਵਾੜਾ॥..ਘਰਿ ਵਿਚਿ ਪੁਛਣ ਘਲਿਆ ਅੰਤਕਾਲ ਹੈ ਕੋਇ ਅਸਾੜਾ॥ ਕੋੜਮੜਾ ਚਉਖੰਨੀਐ ਕੋਇ ਨ ਬੇਲੀ ਕਰਦੇ ਝਾੜਾ॥..ਗੁਰਮੁਖਿ ਲੰਘੇ ਪਾਪ ਪਹਾੜਾ॥', ਵਾਰ ੧੦:੧੯.

**ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ ॥**
**ਪਰਮਾਨੰਦ ਸਾਧ ਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ ॥੩॥੧॥੬॥**

-- ਜੇ ਤੇਰੇ ਮਨ ਤੋਂ ਜੀਵਾਂ ਤੇ ਹਿੰਸਾ ਕਰਣ ਦੀ ਪ੍ਰਵਿਰਤੀ ਖ਼ਤਮ ਨਹੀਂ ਹੋਈ, ਤੂੰ ਜੀਵਾਂ ਤੇ ਦਇਆ ਕਰਣ ਦੀ ਰੀਤ ਦੀ ਪਾਲਣਾ ਨਹੀਂ ਕੀਤੀ...

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਫ਼ੁਰਮਾਣ ਹੈ ਕਿ ਮਨੁਖ, ਇਕ ਪਾਸੇ ਤਾਂ, ਵੇਦ ਆਦਿਕ ਧਰਮ ਗ੍ਰੰਥਾਂ ਦੀ ਮਿਠੀ ਮਿਠੀ ਬਾਣੀ ਪੜ੍ਹਦਾ ਹੈ ਪਰ ਨਾਲ ਹੀ ਜੀਵਾਂ ਦਾ ਸੰਘਾਰ ਕਰਨ ਤੋਂ ਉਸ ਨੂੰ ਸ਼ਰਮ ਨਹੀਂ ਆਉਂਦੀ, ਸੰਕੋਚ ਨਹੀਂ ਕਰਦਾ - 'ਬੇਦੁ ਪੜੈ ਮੁਖਿ ਮੀਠੀ ਬਾਣੀ॥ ਜੀਆਂ ਕੁਹਤ ਨ ਸੰਗੈ ਪਰਾਣੀ॥', ਪੰਨਾ ੨੦੧. ਉਪਰ 'ਰਹਾਉ' ਦੀ ਪੰਕਤੀ ਨਾਲ ਦਿਤੇ ਪ੍ਰਮਾਣ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਨੇ 'ਆਸਾ ਕੀ ਵਾਰ' ਵਿਚ ਜੀਆਂ ਤੇ ਦਇਆ ਕਰਨ ਦਾ ਸਪੱਸ਼ਟ ਆਦੇਸ਼ ਦਿਤਾ ਹੈ। ਧਨਾਸਰੀ ਰਾਗ ਵਿਚ ਉਸ ਬ੍ਰਾਹਮਣ ਦੀ ਅਲੋਚਨਾ ਕਰਦੇ ਹਨ ਜੋ ਇਕ ਪਾਸੇ ਤਾਂ ਤੀਰਥਾਂ ਦੇ ਇਸ਼ਨਾਨ ਕਰਦਾ ਹੈ ਤੇ ਦੂਜੇ ਬਨੇ ਜੀਆਂ ਦਾ ਘਾਣ, ਸੰਘਾਰ, ਕਤਲ ਕਰਦਾ ਹੈ - 'ਬ੍ਰਾਹਮਣੁ ਨਾਵੈ ਜੀਆ ਘਾਇ॥', ਪੰਨਾ ੬੬੨. ਹੋਰ ਫ਼ੁਰਮਾਣ ਕਰਦੇ ਹਨ ਕਿ ਮਨਮੁਖ ਅਤੇ ਗੁਰਮੁਖਿ, ਭਾਵੇਂ ਇਕੋ ਜਿਹੀ ਪੁਸ਼ਾਕ ਪਾ ਲੈਣ, ਫ਼ਿਰ ਵੀ ਦੋਹਾਂ ਦੇ ਜੀਵਨ ਵਿਚ ਸਪੱਸ਼ਟ ਅੰਤਰ ਹੁੰਦਾ ਹੀ ਹੈ। ਜੇ ਮਨੁਖ, ਭਾਵੇਂ, ਆਪ ਵੀ ਚਿਟੀ ਚਮੜੀ ਵਾਲਾ ਹੋਏ, ਉਪਰੋਂ ਭਾਵੇਂ, ਸਫ਼ੇਦ ਪੁਸ਼ਾਕ ਵੀ ਪਾ ਲਏ, ਭਾਵੇਂ, ਤੀਰਥ ਆਦਿ ਧਾਰਮਕ ਸਥਾਨਾਂ ਤੇ ਵੀ ਵਸ ਜਾਏ ਤਾਂ ਵੀ ਉਸ ਨੂੰ ਚਿਟਾ, ਬੇਦਾਗ਼ ਜਾਂ ਨਿਰਮਲ ਨਹੀਂ ਕਹਿ ਸਕਦੇ, ਜੇ ਉਹ ਜੀਆਂ ਨੂੰ ਮਾਰ ਕੇ, ਉਨ੍ਹਾਂ ਦਾ ਆਹਾਰ ਕਰਦਾ ਹੈ - 'ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ੍॥ ਘੁਟਿ ਘੁਟਿ ਜੀਆ ਖਾਵਣੇ ਬਗੇ ਨ ਕਹੀਅਨਿ੍॥', ਪੰਨਾ ੧੨੯. 'ਬਗਾ' ਦਾ ਅਰਥ ਹੈ ਸਫ਼ੇਦ ਜਾਂ ਚਿਟਾ। 'ਬਗਾ' ਬਗਲਾ ਵੀ ਹੈ। ਉਹ ਵੀ ਚਿਟਾ ਹੈ। ਭਾਵੇਂ ਮਨੁਖ ਕਿੰਨਾ ਹੀ ਚਿਟਾ, ਭਾਵ, ਸਾਫ਼ ਸੁਥਰਾ ਹੋਵੇ, ਉਸਦੇ ਕਪੜੇ ਵੀ ਚਿਟੇ, ਸਫ਼ੇਦ ਪਾਏ ਹੋਏ ਹੋਣ। ਬਗਲਾ ਵੀ ਸਫ਼ੇਦ ਹੈ, ਉਸ ਦੀ ਪੁਸ਼ਾਕ ਵੀ ਸਫ਼ੇਦ ਹੈ। ਚਿਟੇ ਬਸਤਰ ਪਾਉਣ ਦੇ ਨਾਲ-ਨਾਲ, ਭਾਵੇਂ ਤੀਰਥ ਆਦਿ ਧਾਰਮਕ ਸਥਾਨਾਂ ਤੇ ਹੀ ਜਾ ਕੇ ਵਸਿਆ ਜਾਵੇ। ਬਗਲਾ ਵੀ ਤੀਰਥਾਂ ਦੀਆਂ ਨਦੀਆਂ ਦੇ ਨੇੜੇ ਹੀ ਜ਼ਿਆਦਾ ਵਸਦਾ ਹੈ ਅਤੇ ਮਛੀਆਂ, ਡਡੂ ਆਦਿ ਨੂੰ ਮਾਰ ਕੇ ਖਾਂਦਾ ਹੈ। ਇਤਨਾ ਕੁਝ ਹੋਣ ਦੇ ਬਾਵਜੂਦ, ਜਿਹੜੇ, ਜੀਵਾਂ ਨੂੰ ਗਲਿਓਂ ਘੁਟ ਘੁਟ ਕੇ, ਭਾਵ, ਕਤਲ ਕਰ ਕਰ ਕੇ ਖਾ ਜਾਂਦੇ ਹਨ, ਉਨ੍ਹਾਂ ਨੂੰ 'ਬਗੇ', ਚਿਟੇ, ਭਾਵ ਸਾਫ਼ ਸੁਥਰੇ ਨਹੀਂ ਕਿਹਾ ਜਾ ਸਕਦਾ। ਗੁਰਬਾਣੀ ਵਿਚ ਬਗਲਾ, 'ਮਨਮੁਖ' ਦਾ ਪ੍ਰਤੀਕ ਹੈ। ਹੰਸ 'ਗੁਰਮੁਖਿ' ਨੂੰ ਕਿਹਾ ਗਿਆ ਹੈ। ਸਪੱਸ਼ਟ ਹੈ ਕਿ ਜੀਵਾਂ ਦੀ ਹੱਤਿਆ ਕਰ ਕੇ ਖਾਣਾ ਮਨਮੁਖਾਂ ਦਾ ਕੰਮ ਹੈ, ਗੁਰਮੁਖਾਂ ਦਾ ਨਹੀਂ। ਜਿਵੇਂ ਹੰਸ ਤੇ ਬਗਲੇ ਦੀ ਖੁਰਾਕ ਵਖ ਵਖ ਹੈ ਇਸੇ ਤਰ੍ਹਾਂ ਗੁਰਮੁਖਿ ਅਤੇ ਮਨਮੁਖ ਦੀ ਖ਼ੁਰਾਕ ਵੀ ਵਖ ਵਖ ਹੈ, ਪੰਚਮ ਗੁਰੂ ਦੇ ਬਚਨ ਹਨ - 'ਹੰਸਾ ਹੀਰਾ ਮੋਤੀ ਚੁਗਣਾ ਬਗੁ ਡਡਾ ਭਾਲਣ ਜਾਵੈ॥', ਪੰਨਾ ੯੬੦.

-- ... ਤਾਂ ਭਗਤ ਪਰਮਾਨੰਦ ਜੀ ਸਿਟੇ ਵਜੋਂ ਫ਼ੁਰਮਾਣ ਕਰਦੇ ਹਨ ਕਿ ਜੇ ਸਾਧੂ ਦੀ ਸੰਗਤਿ ਅਤੇ ਉਹ ਸੰਗਤਿ ਕਰਦੇ ਹੋਏ, ਵਾਹਗੁਰੂ ਦੀ ਅਕਥ, ਅਤੀ ਪਵਿਤਰ ਕਥਾ, ਸਿਫ਼ਤ ਸਲਾਹ, ਭਾਵ, ਸਿਮਰਣ ਨਾ ਚਲਿਆ ਤਾਂ ਇਨ੍ਹਾਂ ਸਭ ਤੋਂ ਬਿਨਾਂ, ਤੇਰੇ ਧਰਮ ਗ੍ਰੰਥਾਂ ਨੂੰ ਪੜ੍ਹਣ ਦਾ ਕੋਈ ਲਾਭ ਨਹੀਂ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਸਪੱਸ਼ਟ ਫ਼ੁਰਮਾਣ ਹੈ ਕਿ ਧਰਮ ਗ੍ਰੰਥਾਂ ਨੂੰ ਪੜ੍ਹਨ ਦਾ ਤਾਂ ਹੀ ਫ਼ਾਇਦਾ ਹੈ ਜੇ ਹਰੀ ਪ੍ਰਭੂ ਦਾ ਨਾਮ ਸਿਮਰਿਆ ਜਾਏ - 'ਬੇਦ ਪੁਰਾਨ ਪੜੇ ਕੋ ਇਹ ਗੁਨ ਸਿਮਰੇ ਹਰਿ ਕੋ ਨਾਮਾ॥', ਪੰਨਾ ੨੨੦. ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਫ਼ੁਰਮਾਣ ਹੈ ਕਿ ਵੇਦ, ਸਿਮ੍ਰਿਤੀਆਂ, ਸਾਰੇ ਸ਼ਾਸਤ੍ਰ ਆਦਿਕ ਹਿੰਦੁਸਤਾਨੀ ਧਰਮ ਗ੍ਰੰਥ ਅਤੇ ਕਤੇਬ, ਪਛਮੀ ਧਰਮ ਗ੍ਰੰਥ, ਭਾਵ, ਸਾਰੇ ਧਰਮ ਗ੍ਰੰਥਾਂ ਨੂੰ ਪੜ੍ਹਨ ਨਾਲ ਨਹੀਂ, ਬਲਕਿ ਗੁਰੂ ਅਨੁਸਾਰੀ ਹੋ ਕੇ, ਉਸ ਦੇ ਦਿਤੇ ਇਕ ਲਫ਼ਜ਼, ਗੁਰਮੰਤਰ ਨੂੰ ਜੋ ਜਪਦਾ ਹੈ, ਪ੍ਰਭੂ ਦੇ ਦਰਬਾਰ ਵਿਚ ਉਸ ਦੀ ਸ਼ੋਭਾ ਹੁੰਦੀ ਹੈ - 'ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ ਪੜਿਆ ਮੁਕਤਿ ਨ ਹੋਈ॥ ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ॥', ਪੰਨਾ ੭੪੭.